



# ਸਕੋਟਲੈਂਡ ਬਦਲ ਰਿਹਾ ਹੈ।









HM Government

# ਇੱਕ ਨਵੀਂ ਸ਼ੁਰੂਆਤ।

ਸਕੌਟਿਸ਼ ਸੰਸਦ ਨੂੰ ਨਵੀਆਂ ਸ਼ਕਤੀਆਂ ਮਿਲ ਰਹੀਆਂ ਹਨ।

ਇਹਨਾਂ ਨਵੀਆਂ ਸ਼ਕਤੀਆਂ ਬਾਰੇ ਸਹਿਮਤੀ ਅਤੇ ਗਰੰਟੀ ਸਕੌਟਲੈਂਡ ਦੀਆਂ ਪੰਜੋ ਪ੍ਰਮੁੱਖ ਸਿਆਸੀ ਪਾਰਟੀਆਂ ਦੁਆਰਾ ਦਿੱਤੀ ਗਈ ਹੈ।

ਇਹ ਹੋਲੀਰੂਡ ਨੂੰ ਦੁਨੀਆਂ ਦੀਆਂ ਸਭ ਤੋਂ ਵੱਧ ਤਾਕਤਵਰ ਸੌਂਪੀਆਂ ਗਈਆਂ ਸੰਸਦਾਂ ਵਿੱਚੋਂ ਇੱਕ ਬਣਾਉਣਗੇ।

ਯੂਕੇ ਸਰਕਾਰ ਕਨੂੰਨ ਬਦਲਣ ਜਾ ਰਹੀ ਹੈ ਤਾਂ ਜੋ ਸਕੌਟਿਸ਼ ਸੰਸਦ ਕੋਲ ਨਵੇਂ ਟੈਕਸ, ਨਵੀਂ ਭਲਾਈ ਅਤੇ ਨਵੀਆਂ ਵੋਟਿੰਗ ਸ਼ਕਤੀਆਂ ਸਮੇਤ ਵੱਖ-ਵੱਖ ਤਰ੍ਹਾਂ ਦੀਆਂ ਨਵੀਆਂ ਸ਼ਕਤੀਆਂ ਹੋਣ।

ਸਕੌਟਲੈਂਡ ਦੇ ਲੋਕਾਂ ਨੂੰ ਅਜੇ ਵੀ ਯੂਕੇ ਦੇ ਪੌਂਡ, ਯੂਕੇ ਦੀਆਂ ਪੈਨਸ਼ਨਾਂ, ਅਤੇ ਯੂਕੇ ਦੇ ਪਾਸਪੋਰਟਾਂ ਸਮੇਤ, ਯੂਕੇ ਦੇ ਵੱਡੇ ਅਰਥਚਾਰੇ ਦਾ ਹਿੱਸਾ ਹੋਣ ਦੇ ਲਾਭ ਹੋਣਗੇ। ਅਸੀਂ ਮਜ਼ਬੂਤ ਰੱਖਿਆ ਅਤੇ ਵਿਸ਼ਵਵਿਆਪੀ ਪ੍ਰਭਾਵ ਵਾਲੇ ਯੂਕੇ ਦੇ ਨਾਗਰਿਕ ਰਹਾਂਗੇ।

ਤੁਹਾਡੇ ਉਮਰ ਚਾਹੇ ਜੋ ਵੀ ਹੋਵੇ ਅਤੇ ਤੁਸੀਂ ਚਾਹੇ ਜਿੱਥੇ ਵੀ ਰਹਿੰਦੇ ਹੋ, ਯੂਨਾਈਟਿਡ ਕਿੰਗਡਮ ਦੇ ਹਿੱਸਾ ਹੋਣ ਦਾ ਅਰਥ ਹੈ ਕਿ ਅਸੀਂ ਆਪਣੇ ਸ੍ਰੋਤਾਂ ਨੂੰ ਇਕੱਠਾ ਕਰਦੇ ਹਾਂ ਅਤੇ ਮਿਲ ਕੇ ਵਰਤਦੇ ਹਾਂ।

ਇਸ ਦਾ ਅਰਥ ਇਹ ਵੀ ਹੈ ਕਿ ਯੂਕੇ ਦਾ ਵੱਡਾ ਅਤੇ ਬਹੁਭਾਂਤੀ ਅਰਥਚਾਰਾ ਸਕੌਟਲੈਂਡ ਨੂੰ ਅਚਾਨਕ ਲੱਗਣ ਵਾਲੇ ਝਟਕਿਆਂ ਤੋਂ ਢਾਲ ਬਣਕੇ ਬਚਾਉਂਦਾ ਰਹੇਗਾ ਜਿਵੇਂ ਕਿ ਤੇਲ ਦੀਆਂ ਕੀਮਤਾਂ ਵਿੱਚ ਹਾਲੀਆ ਗਿਰਾਵਟ, ਜਾਂ ਮਾਲੀ ਸੰਕਟ ਦੇ ਦੌਰਾਨ ਬੈਂਕਾਂ ਨੂੰ ਬਚਾਉਣ ਦੀ ਲੋੜ। ਯੂਕੇ ਦੇ ਮਜ਼ਬੂਤ ਸੁਰੱਖਿਆ ਬਲ ਪਰਿਵਾਰਾਂ ਲਈ ਇੱਕ ਅਨਿਸ਼ਚਿਤ ਦੁਨੀਆਂ ਵਿੱਚ ਵਾਧੂ ਸੁਰੱਖਿਆ ਵੀ ਜੋੜਦੇ ਹਨ।

### ਇੱਕ ਵਧੇਰੇ ਮਜ਼ਬੂਤ ਸੰਸਦ। ਇੱਕ ਸਾਂਝਾ ਭਵਿੱਖ। ਕਾਇਮ ਰਹਿਣ ਲਈ ਸਥਾਪਤ ਕੀਤੀ।

# ਇਹ ਕਿਤਾਬਚਾ।

ਸਾਡੇ ਸਭਨਾਂ ਲਈ ਇਹ ਜਾਣਨਾ ਅਹਿਮ ਹੈ ਕਿ ਇਹ ਨਵੀਆਂ ਸ਼ਕਤੀਆਂ ਕਿਹੜੀਆਂ ਹਨ। ਇਹ ਕਿਤਾਬਚਾ ਮੁੱਖ ਤਬਦੀਲੀਆਂ ਬਾਰੇ ਜਾਣਕਾਰੀ ਦਿੰਦਾ ਹੈ ਅਤੇ ਉਹਨਾਂ ਚੀਜ਼ਾਂ ਦੀ ਪੁਸ਼ਟੀ ਕਰਦਾ ਹੈ ਜਿਹਨਾਂ ਦਾ ਲਾਭ ਸਾਨੂੰ ਯੂਕੇ ਪਰਿਵਾਰ ਦੇ ਹਿੱਸੇ ਵਜੋਂ ਮਿਲਣਾ ਜਾਰੀ ਰਹੇਗਾ।

ਇਹ ਸਕੌਟਲੈਂਡ ਦੇ ਲਈ ਸਹੀ ਸੰਤੁਲਨ ਪ੍ਰਾਪਤ ਕਰਨ ਬਾਰੇ ਹੈ।

ਜੇ ਕੋਈ ਫੈਸਲਾ ਸਕੌਟਲੈਂਡ ਵਿੱਚ ਲੈਣਾ ਬਿਹਤਰੀਨ ਹੈ, ਤਾਂ ਇਸ ਤਰ੍ਹਾਂ ਹੀ ਹੋਵੇਗਾ। ਅਤੇ ਜਿੱਥੇ ਆਪਣੇ ਆਪ ਨੂੰ ਵਧੇਰੇ ਸੁਰੱਖਿਅਤ ਅਤੇ ਵਧੇਰੇ ਮਜ਼ਬੂਤ ਰੱਖਣ ਲਈ, ਖਤਰਿਆਂ ਅਤੇ ਖਰਚਿਆਂ ਨੂੰ, ਬਾਕੀ ਦੇ ਯੂਕੇ ਨਾਲ ਸਾਂਝਾ ਕਰਨ ਵਿੱਚ ਸਮਝਦਾਰੀ ਹੋਵੇਗੀ ਤਾਂ ਉਹ ਵੀ ਹੋਵੇਗਾ।

ਅਸੀਂ ਨੌਕਰੀ ਦੇ ਵਧੇਰੇ ਮੌਕੇ ਮੁਹੱਈਆ ਕਰਨ ਲਈ ਤਾਂ ਜੋ ਉਹਨਾਂ ਲੋਕਾਂ ਨੂੰ ਮਦਦ ਮਿਲ ਸਕੇ ਜਿਹਨਾਂ ਨੂੰ ਇਸਦੀ ਸਭ ਤੋਂ ਵੱਧ ਲੋੜ ਹੈ, ਅਤੇ ਯੂਕੇ ਦੇ ਸਾਰੇ ਹਿੱਸਿਆਂ ਦੀ ਰੱਖਿਆ ਲਈ ਇੱਕ ਯੂਨਾਈਟਿਡ ਕਿੰਗਡਮ ਵਜੋਂ ਇਕੱਠੇ ਮਿਲਕੇ ਕੰਮ ਕਰਨਾ ਜਾਰੀ ਰੱਖਾਂਗੇ।

ਇਹਨਾਂ ਤਬਦੀਲੀਆਂ ਨਾਲ ਸਕੌਟਿਸ਼ ਸੰਸਦ, ਸਾਡੇ ਸਾਰਿਆਂ ਲਈ ਅਤੇ ਸਾਡੇ ਪਰਿਵਾਰਾਂ ਲਈ, ਸਾਡੀ ਸਾਰੀ ਜ਼ਿੰਦਗੀ ਭਰ ਬਿਹਤਰ ਢੰਗ ਨਾਲ ਕੰਮ ਕਰ ਸਕੇਗੀ।



# ਸ਼ੁਰੂਆਤੀ ਸਾਲ।

ਇੱਕ ਅਜਿਹੇ ਸਕੌਟਲੈਂਡ ਵਿੱਚ ਹਰ ਰੋਜ਼ ਤਕਰੀਬਨ 150 ਬੱਚੇ ਪੈਦਾ ਹੁੰਦੇ ਹਨ ਜਿੱਥੇ ਸਕੌਟਿਸ਼ ਸੰਸਦ ਸਕੌਟਲੈਂਡ ਦੇ NHS ਅਤੇ ਸਕੌਟਲੈਂਡ ਦੀ ਸਿੱਖਿਆ ਪ੍ਰਣਾਲੀ ਲਈ ਪਹਿਲਾਂ ਤੋਂ ਹੀ ਜੁੰਮੇਵਾਰ ਹੈ। ਇਸ ਵਿੱਚ ਕੋਈ ਤਬਦੀਲੀ ਨਹੀਂ ਆਵੇਗੀ।

ਸਾਡੇ ਬੱਚੇ ਇੱਕ ਅਜਿਹੇ ਸਕੌਟਲੈਂਡ ਵਿੱਚ ਵੱਡੇ ਹੋਣਗੇ ਜਿੱਥੇ ਹੋਲੀਰੂਡ ਇਸ ਵੱਲੋਂ ਖਰਚੀ ਜਾਣ ਵਾਲੀ ਜ਼ਿਆਦਾਤਰ ਰਕਮ, ਵਿਸ਼ੇਸ਼ ਸਕੌਟਿਸ਼ ਟੈਕਸਾਂ ਦੇ ਰਾਹੀਂ ਜੁਟਾਏਗਾ।

ਅਤੇ ਯੂਕੇ ਦੀ ਸਰਕਾਰ ਫੇਰ ਵੀ ਉਹਨਾਂ ਪਰਿਵਾਰਾਂ ਨੂੰ ਚਾਈਲਡ ਬੈਨਿਫ਼ਿਟ ਦਾ ਭੁਗਤਾਨ ਕਰੇਗੀ ਜਿਹਨਾਂ ਨੂੰ ਇਸਦੀ ਸਭ ਤੋਂ ਵੱਧ ਲੋੜ ਹੈ।



## ਨੌਜਵਾਨ।

ਨਵੀਆਂ ਸ਼ਕਤੀਆਂ ਦਾ ਅਰਥ ਹੈ ਕਿ ਸਕੌਟਲੈਂਡ ਵਿੱਚ 16 ਅਤੇ 17 ਸਾਲ ਦੇ ਨੌਜਵਾਨ ਹੋਲੀਰੂਡ ਚੋਣਾਂ ਵਿੱਚ ਵੋਟ ਪਾ ਸਕਣਗੇ।

ਯੂਕੇ ਦੇ ਵੱਡੇ ਅਰਥਚਾਰੇ ਦਾ ਹਿੱਸਾ ਹੋਣਾ ਸਕੌਟਲੈਂਡ ਵਿੱਚ ਨੌਜਵਾਨਾਂ ਲਈ ਨੌਕਰੀ ਦੇ ਸ਼ਾਨਦਾਰ ਮੌਕੇ ਮੁਹੱਈਆ ਕਰਦਾ ਹੈ।

ਜਦੋਂ ਸਾਡੇ ਨੌਜਵਾਨ ਦੁਨੀਆਂ ਵਿੱਚ ਸਫ਼ਰ ਕਰਨਗੇ ਤਾਂ ਉਹਨਾਂ ਕੋਲ ਯੂਕੇ ਦਾ ਪਾਸਪੋਰਟ ਹੋਵੇਗਾ, ਜਿਸ ਨਾਲ ਉਹਨਾਂ ਨੂੰ ਯੂਕੇ ਦੇ ਦੂਤਾਵਾਸਾਂ ਤੋਂ ਮਦਦ ਲੈਣ ਦਾ ਅਧਿਕਾਰ ਹੋਵੇਗਾ।

## ਕੰਮ ਅਤੇ ਪਰਿਵਾਰਕ ਜ਼ਿੰਦਗੀ।

ਯੂਕੇ ਦੇ ਨੌਕਰੀਆਂ ਦੇ ਇੱਕੋ-ਇੱਕ ਬਜ਼ਾਰ ਦਾ ਮਤਲਬ ਹੈ ਕਿ ਸਕੌਟਿਸ਼ ਵਰਕਰ ਇਸ ਜਾਣਕਾਰੀ ਦੇ ਭਰੋਸੇ ਯੂਕੇ ਭਰ ਵਿੱਚ ਜਾ ਸਕਦੇ ਹਨ, ਕਿ ਉਹਨਾਂ ਦੀ ਪੈਨਸ਼ਨ ਦੇ ਹੱਕ, ਕੰਮ ਸਬੰਧੀ ਬੈਨਿਫ਼ਿਟ ਅਤੇ ਰਾਸ਼ਟਰੀ ਬੀਮਾ ਉਹਨਾਂ ਦੇ ਨਾਲ-ਨਾਲ ਹੀ ਜਾਣਗੇ। ਯੂਕੇ ਦੀ ਮਜ਼ਬੂਤ ਰਿਕਵਰੀ ਦੇ ਹਿੱਸੇ ਵਜੋਂ, ਸਕੌਟਲੈਂਡ ਵਿੱਚ 2010 ਤੋਂ ਰੁਜ਼ਗਾਰ ਵਿੱਚ 175,000 ਦਾ ਵਾਧਾ ਹੋਇਆ ਹੈ।

ਸਕੌਟਿਸ਼ ਸੰਸਦ ਇਨਕਮ ਟੈਕਸ ਦੀਆਂ ਦਰਾਂ ਨੂੰ ਤੈਅ ਕਰੇਗੀ ਅਤੇ ਵੱਖ-ਵੱਖ ਤਰ੍ਹਾਂ ਦੇ ਹੋਰਨਾਂ ਟੈਕਸਾਂ ਨੂੰ ਵੀ ਕੰਟ੍ਰੋਲ ਕਰੇਗੀ। ਸਕੌਟਿਸ਼ ਸੰਸਦ ਦੁਆਰਾ ਜੁਟਾਇਆ ਗਿਆ ਪੈਸਾ ਸਕੌਟਲੈਂਡ ਵਿੱਚ ਹੀ ਰਹੇਗਾ।

ਸਕੌਟਿਸ਼ ਸੰਸਦ ਨੂੰ ਤਕਰੀਬਨ £2.5 ਬਿਲੀਅਨ ਦੀਆਂ ਨਵੀਆਂ ਭਲਾਈ ਸਬੰਧੀ ਸ਼ਕਤੀਆਂ ਮਿਲਣਗੀਆਂ। ਯੂਕੇ ਸਰਕਾਰ ਬੇਰੁਜ਼ਗਾਰੀ ਬੈਨਿਫ਼ਿਟਾਂ ਦਾ ਭੁਗਤਾਨ ਕਰਨਾ ਅਤੇ ਘੱਟੋ-ਘੱਟ ਦਿਹਾੜੀ ਦੀ ਗਰੰਟੀ ਜਾਰੀ ਰੱਖੇਗੀ।





# ਰਿਟਾਇਰਮੈਂਟ।

ਰਿਟਾਇਰਮੈਂਟ ਵਿੱਚ, ਯੂਕੇ ਅਤੇ ਸਕੌਟਿਸ਼ ਦੋਵੇਂ ਸਰਕਾਰਾਂ ਹੀ ਸਾਡੀ ਦੇਖਭਾਲ ਕਰਨ ਵਿੱਚ ਆਪੋ-ਆਪਣੀ ਭੂਮਿਕਾ ਨਿਭਾਉਂਦੀਆਂ ਹਨ।

ਸਕੌਟਿਸ਼ ਸੰਸਦ NHS, ਨਿੱਜੀ ਦੇਖਭਾਲ, ਪ੍ਰਿਸਕ੍ਰਿਪਸ਼ਨ ਅਤੇ ਜਨਤਕ ਆਵਾਜਾਈ ਖਰਚਿਆਂ ਨੂੰ ਕੰਟ੍ਰੋਲ ਕਰਦੀ ਹੈ।

ਅਤੇ ਅਸੀਂ ਜਿੱਥੇ ਕਿਤੇ ਵੀ ਰਹਿੰਦੇ ਹਾਂ ਸਾਡੀਆਂ ਪੈਨਸ਼ਨਾਂ ਨੂੰ ਯੂਕੇ ਦੇ ਕਿੰਨੇ ਹੀ ਲੱਖਾਂ ਟੈਕਸ ਭੁਗਤਾਨ ਕਰਨ ਵਾਲਿਆਂ ਦਾ ਸਹਾਰਾ ਹੁੰਦਾ ਹੈ।

# ਅਤੇ ਅੰਤ ਵਿੱਚ...

ਜ਼ਿੰਦਗੀ ਤਬਦੀਲੀ ਲਿਆਉਂਦੀ ਹੈ ਅਤੇ ਸਕੌਟਲੈਂਡ ਵੀ ਬਦਲ ਰਿਹਾ ਹੈ।

ਨਵੀਆਂ ਸ਼ਕਤੀਆਂ ਮਿਲ ਰਹੀਆਂ ਹਨ ਜੋ ਸਕੌਟਿਸ਼ ਸੰਸਦ ਨੂੰ ਦੁਨੀਆਂ ਵਿੱਚ ਸਭ ਤੋਂ ਵੱਧ ਤਾਕਤਵਰ ਸੌਂਪੀਆਂ ਹੋਈਆਂ ਸੰਸਦਾਂ ਵਿੱਚੋਂ ਇੱਕ ਬਣਾ ਦੇਣਗੀਆਂ।

ਪਰ ਯੂਕੇ ਦੇ ਰਾਸ਼ਟਰਾਂ ਦੇ ਪਰਿਵਾਰ ਦੇ ਹਿੱਸੇ ਵਜੋਂ, ਸਕੌਟਲੈਂਡ ਕਿਸੇ ਹੋਰ ਵੱਡੀ ਚੀਜ਼ ਦਾ ਹਿੱਸਾ ਵੀ ਹੈ।

ਇੱਕ ਵਧੇਰੇ ਮਜ਼ਬੂਤ ਸੰਸਦ। ਇੱਕ ਸਾਂਝਾ ਭਵਿੱਖ। ਕਾਇਮ ਰਹਿਣ ਲਈ ਸਥਾਪਤ ਕੀਤੀ।



# ਕੀ ਕੁਝ ਸੌਂਪਿਆ ਗਿਆ ਹੈ ਅਤੇ ਕੀ ਰਾਖਵਾਂ ਰੱਖਿਆ ਗਿਆ ਹੈ।

ਸਕੌਟਲੈਂਡ ਕੋਲ ਪਹਿਲਾਂ ਤੋਂ ਹੀ ਇੱਕ ਸੌਂਪੀ ਹੋਈ ਸੰਸਦ ਹੈ ਜਿਸ ਕੋਲ ਉਹਨਾਂ ਚੀਜ਼ਾਂ ਬਾਰੇ ਸ਼ਕਤੀਆਂ ਹਨ ਜੋ ਸਾਡੀ ਰੋਜ਼ਮਰ੍ਹਾ ਦੀ ਜ਼ਿੰਦਗੀ ਤੇ ਅਸਰ ਪਾਉਂਦੀਆਂ ਹਨ ਜਿਵੇਂ ਕਿ ਸਿਹਤ, ਸਿੱਖਿਆ ਅਤੇ ਐਮਰਜੈਂਸੀ ਸੇਵਾਵਾਂ।

ਸਕੌਟਿਸ਼ ਸੰਸਦ ਨੂੰ ਜੋ ਨਵੀਆਂ ਸ਼ਕਤੀਆਂ ਮਿਲਣ ਜਾ ਰਹੀਆਂ ਹਨ, ਉਹਨਾਂ ਨਾਲ ਇਹ ਦੁਨੀਆਂ ਦੀਆਂ ਸਭ ਤੋਂ ਤਾਕਤਵਰ ਸੌਂਪੀਆਂ ਹੋਈਆਂ ਸੰਸਦਾਂ ਵਿੱਚੋਂ ਇੱਕ ਬਣ ਜਾਵੇਗੀ।

ਜਦੋਂ ਇਹ ਤਬਦੀਲੀਆਂ ਹੋ ਜਾਣਗੀਆਂ ਤਾਂ ਸਕੌਟਿਸ਼ ਸੰਸਦ ਦੀਆਂ ਜ਼ੁੰਮੇਵਾਰੀਆਂ ਵਿੱਚ ਇਹ ਚੀਜ਼ਾਂ ਸ਼ਾਮਲ ਹੋਣਗੀਆਂ:

- ਸਿਹਤ
- ਸਿੱਖਿਆ
- ਪੁਲਿਸ, ਅਦਾਲਤਾਂ ਅਤੇ ਜੇਲ੍ਹਾਂ
- ਜਨਤਕ ਆਵਾਜਾਈ
- ਵਾਤਾਵਰਣ
- ਇਨਕਮ ਟੈਕਸ ਦਰਾਂ ਨੂੰ ਤੈਅ ਕਰਨਾ
- ਸਥਾਨਕ ਸਰਕਾਰ
- ਹੋਲੀਰੂਡ ਚੋਣਾਂ
- ਰੁਜ਼ਗਾਰ ਸਹਾਇਤਾ ਪ੍ਰੋਗਰਾਮ
- ਵਿਭਿੰਨ ਤਰ੍ਹਾਂ ਦੇ ਬੈਨਿਫ਼ਿਟ
- ਆਰਥਿਕ ਵਿਕਾਸ ਅਤੇ ਕਾਰੋਬਾਰ ਸਹਾਇਤਾ
- ਹਾਊਸਿੰਗ ਅਤੇ ਯੋਜਨਾਬੰਦੀ
- ਖੇਡਾਂ ਅਤੇ ਕਲਾ
- ਖੇਤੀਬਾੜੀ, ਜੰਗਲਾਤ ਅਤੇ ਮੱਛੀ ਪਾਲਣ
- ਸਮਾਜ ਸੇਵਾ

ਯੂਕੇ ਦੀ ਸੰਸਦ ਅਜੇ ਵੀ ਉਹਨਾਂ ਖੇਤਰਾਂ ਲਈ ਜ਼ੁੰਮੇਵਾਰ ਹੋਵੇਗੀ ਜਿੱਥੇ ਸਕੌਟਲੈਂਡ ਨੂੰ ਯੂਕੇ ਵਿਆਪੀ ਦ੍ਰਿਸ਼ਟੀਕੋਣ ਤੋਂ ਫ਼ਾਇਦਾ ਹੁੰਦਾ ਹੈ। ਇਹਨਾਂ ਵਿੱਚ ਸ਼ਾਮਲ ਹਨ:

- ਵਿਦੇਸ਼ ਨੀਤੀ
- ਰੱਖਿਆ
- ਕੌਮੀ ਸੁਰੱਖਿਆ
- ਵਿਸ਼ਾਲ ਆਰਥਿਕ ਨੀਤੀ
- ਵਿੱਤ ਨੀਤੀ
- ਕਰੰਸੀ
- ਪੈਨਸ਼ਨਾਂ
- ਬੇਰੁਜ਼ਗਾਰੀ ਬੈਨਿਫ਼ਿਟ
- ਚਾਈਲਡ ਬੈਨਿਫ਼ਿਟ
- ਊਰਜਾ
- ਇਮੀਗ੍ਰੇਸ਼ਨ ਅਤੇ ਕੌਮੀਅਤਾ
- ਅੰਤਰਰਾਸ਼ਟਰੀ ਵਿਕਾਸ





# ਸਾਡਾ ਸਾਂਝਾ ਭਵਿੱਖ। ਕਾਇਮ ਰਹਿਣ ਲਈ ਸਥਾਪਤ ਕੀਤੀ।

ਨਵੀਆਂ ਸ਼ਕਤੀਆਂ ਦੇ ਨਾਲ, ਇਹ ਸਕੌਟਲੈਂਡ ਲਈ ਇੱਕ ਨਵੀਂ ਸ਼ੁਰੂਆਤ ਹੈ। ਅੱਗੇ ਦਿੱਤੇ ਲਿੰਕ ਤੇ ਹੋਰ ਜਾਣਕਾਰੀ ਲਵੋ  ਜਾਂ ਆਪਣੇ ਸਵਾਲ ਪੁੱਛੋ
www.OurUnitedFuture.tumblr.com

ਜਾਂ #OurUnitedFuture ਦੀ ਵਰਤੋਂ ਕਰਦੇ ਹੋਏ ਫੇਸਬੁਕ ਤੇ ਜਾਂ ਟਵਿਟਰ ਤੇ ਆਪਣੀ ਰਾਏ ਪੋਸਟ ਕਰੋ

HM Government